C-2110 8543/NH

[redacted] (ਸਮੈਸਟਰ ਪੰਜਵਾਂ)

ਪੰਜਾਬੀ ਸਾਹਿਤ

[redacted] [redacted]

[redacted] ਅੰਦਰੂਨੀ ਮੁਲਾਂਕਣ ਵਿੱਚੋਂ ਪਾਸ ਅੰ[redacted]

ਬਾਹਰੀ ਪ੍ਰੀਖਿਆ : 75 ਅੰਕ ਬਾਹਰੀ ਪ੍ਰੀਖਿਆ ਵਿੱਚੋਂ ਪਾਸ ਅੰ[redacted]

ਸਮਾਂ: ਤਿੰਨ ਘੰਟੇ

## ਭਾਗ -ੳ

1. ਕਿਸੇ ਇਕ ਕਵਿਤਾ ਦਾ ਵਿਸ਼ਾ-ਵਸਤੂ ਲਿਖੋ-

ੳ) 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ'
ਅ) 'ਸਤਿਗੁਰ ਨਾਨਕ ਪ੍ਰਗਟਿਆ'

ਜਾਂ

ਗੁਰੂ ਰਵੀਦਾਸ ਜੀ ਜਾਂ ਸ਼ੇਖ਼ ਫ਼ਰੀਦ ਜੀ ਦੇ ਜੀਵਨ ਤੇ ਪੰਜਾਬੀ ਸਾਹਿਤ ਲਈ ਯੋਗਦਾਨ ਬਾਰੇ ਚਰਚਾ ਕਰੋ। ਅੰਕ: 11

2. ਹੇਠ ਲਿਖੀ ਕਿਸ ਇਕ ਕਾਵਿ-ਟੁਕੜੀ ਦੀ ਸਾਹਿਤਕ ਪਰਖ ਕਰੋ-

ੳ) ਖਾਸਲਾ ਮੇਰੋ ਰੂਪ ਹੈ ਖਾਸ॥ ਖਾਲਸਹਿ ਮਹਿ ਹਉ ਕਰੂੰ ਨਿਵਾਸ॥
ਖਾਸਲਾ ਮੇਰੋ ਮੁਖ ਹੈ ਅੰਗ॥ ਖਾਲਸੇ ਕੇ ਹਉ ਬਸਤਿ ਸਦ ਸੰਗ॥
ਖਾਲਸਾ ਮੇਰੋ ਇਸਟ ਸੁਹਿਰਦ ॥ ਖਾਲਸਾ ਮੇਰੋ ਕਹਿਯਤ ਬਿਰਦ॥
ਖਾਲਸਾ ਮੇਰੋ ਪਛ ਰੁ ਪਾਦ॥ ਖਾਲਸਾ ਮੇਰੋ ਸੁਖ ਅਹਿਲਾਦ॥

ਜਾਂ

ਅ) ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥
ਘੁੰਘਰੂ ਵਾਜੈ ਜੇ ਮਨੁ ਲਾਗੈ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ॥
ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ॥
ਦਇਆ ਦਿਗੰਬਰ ਦੇਹ ਬੀਚਾਰੀ॥ ਆਪਿ ਮਰੈ ਅਵਰਾ ਨਹ ਮਾਰੀ॥
ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕ ਜਾਣੈ ਚੋਜ ਨ ਤੇਰੇ॥ ਅੰਕ: 11

8543/NH

## ਭਾਗ-ਅ

3. ਨਾਟਕ ਦੀ ਪਰਿਭਾਸ਼ਾ ਲਿਖਦੇ ਹੋਏ ਇਸਦੀ ਪ੍ਰਕਿਰਤੀ ਨਾਲ ਜਾਣ-ਪਛਾਣ ਕਰਦੇ।

ਜਾਂ

ਨਾਟਕ ਤੇ ਤੱਤਾਂ ਬਾਰੇ ਵਿਸਥਾਰ ਸਹਿਤ ਚਰਚਾ ਕਰੋ। ਅੰਕ: 12

4. ''ਝਨਾਂ ਦੇ ਪਾਣੀ'' ਨਾਟਕ ਦੀ ਪਾਤਰ-ਉਸਾਰੀ ਬਾਰੇ ਆਪਣੇ ਆਲੋਚਨਾਤਮਿਕ ਵਿਚਾਰ ਪ੍ਰਗਟ ਕਰੋ।

ਜਾਂ

''ਝਨਾਂ ਦੇ ਪਾਣੀ'' ਨਾਟਕ ਦੇ ਵਿਸ਼ਾ ਵਸਤੂ ਉੱਪਰ ਨੋਟ ਲਿਖੋ। ਅੰਕ: 11

## ਭਾਗ-ੲ

**5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਲਿਖੋ।**

1. ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੇ ਜੋਤੀ ਜੋਤ ਸਮਾਉਣ ਦਾ ਸਮਾਂ ਲਿਖੋ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ਬਾਣੀ ਕਿਸ ਦੀ ਦਰਜ ਹੈ?
3. ਗੁਰੂ ਅਰਜਨ ਦੇਵ ਜੀ ਦੀਆਂ ਪੰਜ ਪ੍ਰਸਿੱਧ ਬਾਣੀਆਂ ਦੇ ਨਾਂ ਲਿਖੋ।
4. 'ਖਾਲਸਾ ਮੇਰੋ ਰੂਪ ਹੈ ਖਾਸ' ਕਾਵਿਤਾ ਦਾ ਵਿਸ਼ਾ ਲਿਖੋ।
5. ਦਮੋਦਰ ਕਿਸ ਕਾਵਿ-ਧਾਰਾ ਦਾ ਕਵੀ ਹੈ?
6. 'ਜਿਨ ਸਿਰ ਸੋਹਨਿ ਪਟੀਆ' ਬਾਣੀ ਦਾ ਸੰਬੰਧ ਕਿਸ ਇਤਿਹਾਸਿਕ ਘਟਨਾ ਨਾਲ ਹੈ?
7. ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਕੀ ਹੈ?
8. 'ਝਨਾਂ ਦੇ ਪਾਣੀ' ਨਾਟਕ ਦੇ ਪਾਤਰਾਂ ਦੇ ਨਾਂ ਲਿਖੋ।
9. ਗੰਗਾ ਦਰਸ਼ਨ ਨੂੰ ਆਪਣੇ ਮੰਗੇਤਰ ਜਮਨਾ ਬਾਰੇ ਕੀ ਦੱਸਦੀ ਹੈ?
10. ਭੰਤੀ ਦੇ ਚਰਿਤਰ ਬਾਰੇ ਸੰਖੇਪ ਵਿਚ ਲਿਖੋ।
11. ਅਰਜਨ ਨੂੰ ਆਪਣੇ ਭਤੀਜਿਆਂ ਵਿਰੁੱਧ ਕੀ ਸ਼ਕ਼ਾਇਤ ਸੀ?
12. ਗੰਗਾ ਜੇਲ੍ਹ ਵਿਚ ਕਿਉਂ ਪਹੁੰਚ ਗਈ?
13. ਝਨਾਂ ਦੇ ਪਾਣੀ ਨਾਟਕ ਦਾ ਉਦੇਸ਼ ਕੀ ਹੈ?
14. ਨਾਟਕ ਵਿਚ ਤਿੰਨ ਏਕਤਾਵਾਂ ਦਾ ਕੀ ਮੱਹਤਵ ਹੈ?
15. ਇਤਿਹਾਸਿਕ ਨਾਟਕ ਦੀ ਪਰਿਭਾਸ਼ਾ ਲਿਖੋ।

ਅੰਕ: 15×2=30